# ਸ਼ਹੀਦ ਭਗਤ ਸਿੰਘ (1907-1931)

- **ਸ਼ਹੀਦ ਭਗਤ ਸਿੰਘ ਦੀ ਵਿਰਾਸਤ -** ਸ਼ਹੀਦ ਭਗਤ ਸਿੰਘ ਇੱਕ ਮਹਾਨ ਦੇਸ਼ ਭਗਤ, ਕੁਰਬਾਨੀ ਦੇ ਪ੍ਰਤੀਕ, ਸਮਾਜਵਾਦੀ ਅਤੇ ਰਾਜਨੀਤਿਕ ਕ੍ਰਾਂਤੀਕਾਰੀ, ਮਾਰਕਸਵਾਦ ਦੇ ਉਪਾਸ਼ਕ, ਧਾਰਮਿਕ ਬੰਧਨਾਂ ਤੋਂ ਮੁਕਤ, ਨਿਡਰ ਅਤੇ ਬੇਮਿਸਾਲ ਹੌਂਸਲੇ ਵਾਲੇ, ਪੁਸਤਕ ਪ੍ਰੇਮੀ ਅਤੇ ਭਾਰਤ ਵਿਚ ਕਿਰਤੀਆਂ ਅਤੇ ਕਿਸਾਨਾਂ ਦਾ ਸਮਾਜਵਾਦੀ ਗਣਤੰਤਰ ਸਥਾਪਿਤ ਕਰਨ ਦੇ ਇੱਛੁਕ ਸਨ। ਉਹ ਬੜੀ ਬਹਾਦਰੀ ਨਾਲ ਅਤੇ "ਇੰਕਲਾਬ ਜਿੰਦਾਵਾਦ " , ਸਾਮਰਾਜ ਮੁਰਦਾਵਾਦ' ਦੇ ਗੂੰਜਦੇ ਨਾਹਰਿਆਂ ਵਿੱਚ ਫ਼ਾਂਸੀ ਦੇ ਤਖ਼ਤੇ ਤੇ ਚੜ੍ਹੇ ਅਤੇ ਹੱਸਦਿਆ- ਹੱਸਦਿਆ ਜੱਲਾਦ ਦੀ ਫਾਹੇ ਲਗਾਉਣ ਵਾਲੀ ਰੱਸੀ ਨੂੰ ਚੁੰਮਿਆ। ਭਗਤ ਸਿੰਘ ਨੂੰ ਭਗਤੀ ਅਤੇ ਸੁਤੰਤਰਤਾ ਲਈ ਮਰ ਮਿਟਣ ਦੀ ਭਾਵਨਾ ਪਰਿਵਾਰਕ ਵਿਰਾਸਤ ਵਿੱਚ ਮਿੱਲੀ ਸੀ। ਉਹਨਾਂ ਦੀ ਪਰਿਵਾਰਕ ਵਿਰਾਸਤ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ:



- ਸ਼ਹੀਦ ਭਗਤ ਸਿੰਘ ਦੇ ਦਾਦਾ ਜੀ ਸ੍ਰ. ਅਰਜਨ ਸਿੰਘ ਦੀਆ ਰਾਜਨੀਤਿਕ ਗਤੀਵਿਧੀਆ : ਸ਼ਹੀਦ ਦੇ ਦਾਦਾ ਜੀ ਇੱਕ ਕਿਸਾਨ ਸਨ ਅਤੇ ਇਸ ਦੇ ਨਾਲ ਉਹ ਯੂਨਾਨੀ ਹਕੀਮੀ ਵੀ ਕਰਦੇ ਸਨ। ਉਹਨਾਂ ਦੇ ਮੰਨ ਵਿੱਚ ਲੋਕਾਂ ਪ੍ਰਤੀ ਇੰਨੀ ਹਮਦਰਦੀ ਸੀ ਕਿ ਉਹ ਗਰੀਬਾ ਅਤੇ ਲੋੜਵੰਦਾਂ ਦਾ ਮੁਕਤ  ਇਲਾਜ ਕਰਦੇ ਸਨ । ਉਹਨਾਂ ਦਾ ਨਾਮ ਸ੍ਰ. ਅਰਜਨ ਸੀ। ਪੰਜਾਬੀ ਤੇ ਇਲਾਵਾ ਉਹਨਾਂ ਨੂੰ ਸੰਸਕ੍ਰਿਤ ,ਫ਼ਾਰਸੀ ਅਤੇ ਉਰਦੂ ਦਾ ਵੀ ਬਹੁਤ ਗਿਆਨ ਸੀ। ਧਾਰਮਿਕ ਅੰਦੋਲਨਾਂ ਵਿੱਚ ਆਰੀਆ ਸਮਾਜ ਅੰਦੋਲਨ ਦਾ ਮਹੱਤਵੂਰਨ ਸਥਾਨ ਸੀ ਜੋ 1877 ਵਿੱਚ ਲਾਹੌਰ ਵਿਖੇ ਹੋਇਆ ਸੀ। ਆਰੀਆ ਸਮਾਜ ਨੇ ਜਾਤ ਪ੍ਰਣਾਲੀ, ਵਿਵਾਵਾ ਦੇ ਮੁੜ ਵਿਆਹ ਕਰਵਾਉਣ ਦੀ ਪਾਬੰਦੀ ਦੇ ਵਿਰੁੱਧ ਜ਼ੋਰਦਾਰ ਅਵਾਜ਼ ਉਠਾਈ ਸੀ।1890 ਵਿੱਚ ਸ਼ਹੀਦ ਭਗਤ ਸਿੰਘ ਦੇ ਦਾਦਾ ਜੀ ਸ੍ਰ ਅਰਜਨ ਸਿੰਘ ਨੇ ਆਰੀਆ ਸਮਾਜ ਅੰਦੋਲਨ ਦੇ ਆਦਰਸ਼ਾਂ ਨੂੰ ਗ੍ਰਹਿਣ ਕੀਤਾ, ਉਹ ਇਸ ਅੰਦੋਲਨ ਦੇ ਸਰਗਰਮ ਕਾਰਕੁਨ ਬਣੇ ਅਤੇ ਉਹਨਾਂ ਨੇ ਆਰੀਆ ਸਮਾਜ ਦੇ ਸਿਧਾਂਤਾ ਨੂੰ ਪੇਂਡੂ ਖੇਤਰਾਂ ਵਿੱਚ ਪਰਚਾਰ ਕੀਤਾ।1893 ਵਿੱਚ ਲਾਹੌਰ ਵਿਖੇ ਦਾਦਾ ਨੈਰੋਜੀ ਦੀ ਪ੍ਰਧਾਨਗੀ ਅਧੀਨ ਹੋਏ ਕਾਂਗਰਸ ਦੇ ਸਮਾਗਮ ਵਿੱਚ ਇੱਕ ਪ੍ਰਤਿਨਿਧ ਦੇ ਤੌਰ ਤੇ ਸ਼ਾਮਿਲ ਹੋਏ ਸਨ। ਧਾਰਮਿਕ ਸੁਧਾਰਕ ਅਤੇ ਰਾਸ਼ਟਰਵਾਦੀ ਹੋਣ ਤੋਂ ਇਲਾਵਾ ਸ੍ਰ ਅਰਜਨ ਸਿੰਘ ਇੱਕ ਸੱਚੇ ਰਾਸ਼ਟਰਵਾਦੀ ਵੀ ਸਨ।



**ਭਗਤ ਸਿੰਘ ਦੇ ਪਿਤਾ ਸ੍ਰ. ਕ੍ਰਿਸਨ ਸਿੰਘ ਦੀਆਂ ਰਾਜਨੀਤਿਕ ਗਤੀਵਿਧੀਆ :** ਸ੍ਰ ਕਿਸ਼ਨ ਸਿੰਘ ਭਗਤ ਸਿੰਘ ਦੇ ਪਿਤਾ ਜੀ ਸਨ। ਉਹਨਾਂ ਨੇ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਸਾਈਦਾਸ saidass Anglo—sanskrit school, Jalandhar ਤੋ ਪਸ ਕੀਤੀ। ਉਸ ਸਕੂਲ ਵਿੱਚ ਸੁੰਦਰ ਦਾਸ ਨਾਮ ਦੇ ਅਧਿਆਪਕ ਸਨ। ਉਹ ਅਕਸਰ ਆਪਣੇ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਅਤੇ ਰਾਸ਼ਟਰਵਾਦ ਦੀ ਭਾਵਨਾ ਪੈਦਾ ਕਰਦੇ ਰਹਿੰਦੇ ਸਨ।ਓਹਨਾਂ ਨੇ ਕਈ ਬੀਮਾ ਕੰਪਨੀਆਂ ਦੇ ਕੰਮ ਕੀਤੇ ਸਨ। 1898 ਵਿੱਚ ਮੱਧ ਪ੍ਰਾਂਤਾ ਦੇ ਖੇਤਰਾਂ ਵਿੱਚ ਕਾਲ ਦੇ ਸ਼ਿਕਾਰ ਹੋਏ ਲੋਕਾਂ ਦੀ ਸਹਾਇਤਾ ਕੀਤੀ।1900 ਵਿੱਚ ਲਾਲਾ ਲਾਜਪਤ ਰਾਏ ਨਾਲ ਮਿਲ ਕੇ ਉਹਨਾਂ ਨੇ ਯਤੀਮਾਂ ਦੀ ਸਹਾਇਤਾ ਲਈ ਖ਼ਾਨਾ ਖੋਲ੍ਹਿਆ।1904 ਵਿੱਚ ਕਾਂਗੜਾ ਵਿਖੇ ਭੂਚਾਲ ਦੇ ਸ਼ਿਕਾਰ ਹੋਏ ਲੋਕਾਂ ਲਈ ਰਾਹਤ ਕੈਂਪ ਲਗਾਏ। 1905 ਵਿੱਚ ਸ੍ਰੀਨਗਰ ਵਿਖੇ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਮਹੱਤਵਪੂਰਨ ਕਾਰਜ ਕੀਤੇ।1906 ਵਿੱਚ ਸ੍ਰ. ਕਿਸ਼ਨ ਸਿੰਘ ਨੇ ਆਪਣੇ ਛੋਟੇ ਭਰਾ ਸ੍ਰ ਅਜੀਤ ਸਿੰਘ ਅਤੇ ਸ੍ਰ ਸਵਰਨ ਸਿੰਘ ਨਾਲ ਮਿਲ ਕੇ ਭਾਰਤ ਮਾਤਾ ਸੋਸਾਇਟੀ ਸਥਾਪਿਤ ਕੀਤੀ।1907 ਵਿੱਚ ਉਹਨਾਂ ਨੇ ਬਾਹਰੀ ਦੋਆਬ ਨਹਿਰ ਸਬੰਧੀ ਕਾਨੂੰਨ ਅਤੇ ਬਸਤੀਆਂ ਸਬੰਧੀ ਕਾਨੂੰਨ ਵਿਰੁੱਧ ਅੰਦੋਲਨ ਵਿੱਚ ਭਾਗ ਲਿਆ ਅਤੇ ਓਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਰੰਤੂ ਫਿਰ ਵੀ ਓਹਨਾਂ ਨੇ ਸੁਤੰਤਰਤਾ ਦੀ ਪ੍ਰਾਪਤੀ ਲਈ ਅਣਥੱਕ ਯਤਨ ਜਾਰੀ ਰੱਖੇ ਸਨ।



- **ਸ਼ਹੀਦ ਭਗਤ ਸਿੰਘ ਦੇ ਵੱਡੇ ਚਾਚਾ ਸ੍ਰ. ਅਜੀਤ ਸਿੰਘ ਦੀਆ ਰਾਜਨੀਤਿਕ ਗਤੀਵਿਧੀਆ :** ਸ੍ਰ ਅਜੀਤ ਸਿੰਘ ਸ਼ਹੀਦ ਭਗਤ ਸਿੰਘ ਦੇ ਚਾਚਾ ਜੀ ਸਨ। ਜਲੰਧਰ ਤੋਂ ਦਸਵੀਂ ਪਾਸ ਕਰਨ ਉਪਰੰਤ ਬਾਰ੍ਹਵੀਂ ਦਾ ਇਮਤਿਹਾਨ ਉਨ੍ਹਾਂ ਨੇ ਡੀ ਏ ਵੀ ਕਾਲਜ ਤੋਂ ਪਾਸ ਕੀਤਾ। ਭਾਰਤੀ ਰਾਸ਼ਟਰੀ ਕਾਂਗਰਸ ਵਿਚ ਉਗਰ ਰਾਸ਼ਟਰਵਾਦ ਨੂੰ ਉਤੇਜਿਤ ਕਰਨ ਵਾਲਿਆਂ ਵਿੱਚ ਸਰਦਾਰ ਅਜੀਤ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀਸ੍ ਅਜੀਤ ਸਿੰਘ ਦੀਆ ਗਤੀਵਿਧੀਆ ਦਾ ਭਗਤ ਸਿੰਘ ਬਹੁਤ ਪ੍ਰਭਾਵ ਸੀ ਅੰਦੋਲਨ ਨੂੰ ਅਸਫਲ ਬਨਾਉਣ ਲਈ 3 ਜੂਨ 1907 ਨੂੰ ਸ੍ਰ.ਅਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕੁਝ ਸਮੇਂ ਮਗਰੋਂ ਅਜੀਤ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ , ਪਰ ਉਹ ਪੰਜਾਬ ਵਾਪਸ ਆਉਣ ਦੀ ਬਜਾਏ ਜਰਮਨੀ ਚਲੇ ਗਏ ਜੇਕਰ ਉਹ ਪੰਜਾਬ ਵਾਪਸ ਆਉਂਦੇ ਤਾਂ ਉਨ੍ਹਾਂ ਨੂੰ ਡਰ ਹੈ ਕਿ ਸਰਕਾਰ ਉਨ੍ਹਾਂ ਨੂੰ ਫਿਰ ਗ੍ਰਿਫ਼ਤਾਰ ਕਰ ਲਵੇਗੀ। ਉਹ 15 ਅਗ



- **ਭਗਤ ਸਿੰਘ ਤੇ ਛੋਟੇ ਚਾਚਾ ਸ੍ਰ. ਸਵਰਨ ਸਿੰਘ ਦੀਆਂ ਰਾਜਨੀਤਿਕ ਗਤੀਵਿਧੀਆ :** ਸ੍ਰ ਸਵਰਨ ਸਿੰਘ ਸ੍ਰ. ਅਰਜਨ ਸਿੰਘ ਦੇ ਸੱਭ ਤੋਂ ਛੋਟੇ ਸਪੁੱਤਰ ਸਨ। ਉਹ ਸ਼ਹੀਦ ਭਗਤ ਸਿੰਘ ਦੇ ਛੋਟੇ ਚਾਚਾ ਜੀ ਸਨ। ਉਹਨਾਂ ਦਾ ਜਨਮ 1887 ਵਿੱਚ ਪਿੰਡ ਖਟਕੜ ਕਲਾਂ ਵਿਖੇ ਹੋਇਆ ਸੀ। ਭਾਰਤ ਮਾਤਾ ਦੇ ਉਸ ਮਹਾਨ ਸਪੂਤ ਸਬੰਧੀ ਭਾਵੇਂ ਲੋਕ ਬਹੁਤ ਕੁਝ ਨਹੀਂ ਜਾਣਦੇ ਅਤੇ ਉਹ ਸੁਤੰਤਰਤਾ ਅੰਦੋਲਨ ਦੇ ਭਾਰਤੀ ਇਤਿਹਾਸ ਵਿੱਚ ਅਣਗੌਲੇ ਕ੍ਰਾਂਤੀਕਾਰੀ ਰਾਸ਼ਟਰਵਾਦੀ ਦੇ ਰੂਪ ਵਿੱਚ ਘੱਟ ਹੀ ਯਾਦ ਕੀਤੇ ਜਾਂਦੇ ਹਨ। ਸ੍ਰ. ਸਵਰਨ ਸਿੰਘ ਕੱਟੜ ਰਾਸ਼ਟਰਵਾਦੀ ਅਤੇ ਸੁਤੰਤਰਤਾ ਸੰਗਰਾਮੀ ਸਨ। ਆਪਣੇ ਵੱਡੇ ਭਰਾ ਦੁਆਰਾ ਸਥਾਪਿਤ ਕੀਤਾ "ਭਾਰਤ ਮਾਤਾ ਸਮਾਜ" ਦੇ ਉਹ ਵੀ ਮੋਢੀ ਮੈਂਬਰ ਸਨ। ਬਸਤੀਆਂ ਸਬੰਧੀ ਬਿੱਲ ਦੇ ਵਿਰੁੱਧ ਹੋਏ ਅੰਦੋਲਨ ਵਿੱਚ ਵੀ ਉਹਨਾਂ ਨੇ ਸਰਗਰਮ ਭਾਗ ਲਿਆ ਸੀ। ਉਹਨਾਂ ਨੂੰ ਕੇਂਦਰੀ ਜੇਲ  ਲਾਹੌਰ ਵਿਖੇ ਰੱਖਿਆ ਗਿਆ ਅਤੇ ਤੇਲ ਕੱਢਣ ਵਾਲੇ ਕੋਹਲੂ ਨਾਲ ਬੈਲ ਦੀ ਜਗ੍ਹਾ ਜੋਤਿਆ ਜਾਂਦਾ ਸੀ।ਇਸ ਕਠੋਰ ਸ਼ਰੀਰਕ ਠੰਡ ਕਾਰਨ ਉਹਨਾਂ ਨੂੰ ਤਪਦਿਕ  ਦੀ ਬਿਮਾਰੀ ਲਗ਼ ਗਈ ਅਤੇ ਸਾਲ ਦੀ ਉਮਰ ਵਿੱਚ ਸਵਰਗਵਾਸ ਹੋ ਗਏ।



- ਸ਼ਹੀਦ ਭਗਤ ਸਿੰਘ ਦੀ ਮਾਤਾ ਵਿਦੇਯਾਵਤੀ ਦੇ ਪ੍ਰਭਾਵ : ਭਗਤ ਸਿੰਘ ਨੂੰ ਕ੍ਰਾਂਤੀਕਾਰੀ ਰਾਸ਼ਟਰਵਾਦੀ ਬਣਾਉਣ ਵਿੱਚ ਉਹਨਾਂ ਦੇ ਪਿਤਾ ਜੀ ਸ਼੍ਰੀਮਤੀ ਵਿਦਿਆਵਤੀ ਦੀ ਵੀ ਮਹੱਤਵਪੂਰਨ ਦੇਣ ਸੀ। ਉਹ ਸ੍ਰ. ਭਗਤ ਲਈ ਹਮੇਸ਼ਾ ਰਾਸ਼ਟਰੀ ਜੋਸ਼ ਦੇ ਮਹਾਨ ਸੋਮੇ ਸਨ। ਮਾਤਾ ਜੀ ਆਪ ਵੀ ਬਹੁਤ ਮਹਾਨ ਦੇਸ਼ ਭਗਤ ਅਤੇ ਸਮਾਜ ਸੇਵਕ ਸਨ। ਉਹਨਾਂ **ਦੀ ਨੇਕ ਆਤਮਾ ਨੇ ਹੀ ਭਗਤ ਸਿੰਘ ਵਿੱਚ ਦੇਸ਼ ਪਿਆਰ ਵਿਕਸਿਤ ਕੀਤਾ ਅਤੇ ਸ਼ਹੀਦ ਭਗਤ ਸਿੰਘ ਆਪਣੇ ਮਾਤਾ ਨੂੰ ਹਮੇਸ਼ਾ "ਦੇਸ਼ ਭਗਤੀ ਦੇ ਪ੍ਰਤੀਕ " ਮੰਨਦੇ ਸਨ। ਜਦੋਂ ਭਗਤ ਸਿੰਘ bਭੰਘੂੜੇ ਵਿੱਚ ਪਏ ਹੁੰਦੇ ਸਨ ਤਾਂ ਉਨ੍ਹਾਂ ਅੰਦਰ ਰਾਸ਼ਟਰਵਾਦੀ ਭਾਵਨਾਵਾਂ ਪੈਦਾ ਕਰਨ ਵਿੱਚ ਮਾ ਦੀਆਂ ਲੋਰੀਆਂ ਨੇ ਬਹੁਤ ਵੱਡੀ ਦੇਣ ਦਿੱਤੀ ਸੀ। ਪਹਲੀ ਜਨਵਰੀ 1973 ਨੂੰ ਪੰਜਾਬ ਸਰਕਾਰ ਨੇ ਸ਼ਹੀਦ ਭਗਤ ਸਿੰਘ ਦੀ ਮਾਤਾ ਦਾ ਸਨਮਾਨ ਕਰਦੇ ਹੋਏ ਉਹਨਾਂ ਨੂੰ " ਪੰਜਾਬ ਮਾਤਾ " ਦਾ ਖਿਤਾਬ ਦਿੱਤਾ ਅਤੇ ਅੰਤ 1 ਜੂਨ 1975 ਨੂੰ ਇਹ ਮਹਾਨ ਆਤਮਾ ਇਸ ਭੌਤਿਕ ਸੰਸਾਰ ਤੋਂ ਉਡਾਰੀ ਮਾਰ ਗਈ।**

